# ਲਾਹੌਰ ਕਾਨਸੀਪ੍ਰੇਸੀ ਕੇਸ ਦੀ ਐਫ.ਆਈ.ਆਰ. ਦਾ ਹੂ-ਬ-ਹੂ ਅਨੁਵਾਦ

ਮਲਵਿੰਦਰ ਜੀਤ ਸਿੰਘ ਵੜੈਚ

ਸ਼ਿਕਾਇਤ ਜੋ 10 ਜੁਲਾਈ 1929 ਨੂੰ ਸੀਨੀਅਰ ਪੁਲਿਸ ਕਪਤਾਨ ਹੈਮਿਲਟਨ ਵੱਲੋਂ ਰਾਏ ਸਾਹਿਬ ਪੰਡਤ ਸ਼੍ਰੀ ਕ੍ਰਿਸ਼ਨ ਸਪੈਸ਼ਲ ਮੈਜਿਸਟਰੇਟ ਦੀ ਅਦਾਲਤੇ ਹੇਠ ਲਿਖੇ ਵਿਅਕਤੀਆਂ ਵਿਰੁੱਧ ਦਾਇਰ ਕੀਤੀ ਗਈ:

1. ਸੁਖਦੇਵ ਉਰਫ਼ ਦਿਆਲ ਉਰਫ਼ ਸਵਾਮੀ ਉਰਫ਼ ਵਿਲੇਜਰ, ਸਪੁੱਤਰ ਰਾਮ ਲਾਲ, ਜਾਤ/ਗੋਤ ਖੱਤਰੀ, ਥਾਪਰ, ਮੁਹੱਲਾ ਆਰੀਆ ਸਮਾਜ, ਲਾਇਲਪੁਰ।
2. ਕਿਸ਼ੋਰੀ ਲਾਲ ਰਤਨ, ਉਰਫ਼ ਦੇਵ ਦੱਤ ਰਤਨ ਉਰਫ਼ ਮਸਤ ਰਾਮ ਸ਼ਾਸਤਰੀ, ਸਪੁੱਤਰ ਰਘਬੀਰ ਦੱਤ, ਜਾਤ ਬ੍ਰਾਹਮਣ, ਵਾਸੀ ਧਰਮਪੁਰ, ਥਾਣਾ ਹਾਜੀਪੁਰ, ਜ਼ਿਲ੍ਹਾ ਹੋਸ਼ਿਆਰਪੁਰ।
3. ਆਗਿਆ ਰਾਮ ਉਰਫ਼ ਮਾਸਟਰ ਜੀ ਸਪੁੱਤਰ ਨੰਦ ਲਾਲ, ਬ੍ਰਾਹਮਣ, ਵਾਸੀ ਲੱਲਾ, ਥਾਣਾ ਕਿਲ੍ਹਾ ਸੋਭਾ ਸਿੰਘ, ਜ਼ਿਲ੍ਹਾ ਸਿਆਲਕੋਟ।
4. ਦੇਸ ਰਾਜ ਸਪੁੱਤਰ ਰਾਮ ਕਿਸ਼ਨ ਜਾਤ ਖਤਰੀ ਵਾਸੀ ਬਲੱਗਣ, ਥਾਣਾ ਸੰਬੜਯਾਲ, ਜ਼ਿਲ੍ਹਾ ਸਿਆਲਕੋਟ।
5. ਪ੍ਰੇਮ ਦੱਤ ਉਰਫ਼ ਮਾਸਟਰ ਉਰਫ਼ ਅਮ੍ਰਿਤ ਲਾਲ, ਸਪੁੱਤਰ ਰਾਮ ਦੱਤ, ਖਤਰੀ, ਗੁਜਰਾਤ।
6. ਸੁਰੇਂਦਰਾ ਨਾਥ ਪਾਂਡੇ, ਉਰਫ ਸਟਨ, ਸਪੁੱਤਰ, ਹੀਰਾ ਲਾਲ ਪਾਂਡੇ, ਬਾਹਮਣ, ਵਾਸੀ ਮੁਹੱਲਾ ਸਬਜ਼ੀਮੰਡੀ, ਕਾਨਪੁਰ।
7. ਜੈ ਦੇਵ ਉਰਫ਼ ਹਰੀਸ਼ ਚੰਦਰ ਸਪੁੱਤਰ ਬਾਬੂ ਸਾਲਗ ਰਾਮ ਜਾਤ/ਗੋਤ ਖਤਰੀ-ਕਪੂਰ, ਸਦਰ ਬਾਜ਼ਾਰ, ਹਰਦੋਈ।
8. ਸ਼ਿਵ ਵਰਮਾ ਉਰਫ਼ ਪਰਭਾਤ ਉਰਫ਼ ਹਰੀ ਨਰੈਣ ਉਰਫ਼ ਰਾਮ ਨਰੈਨ, ਸਪੁੱਤਰ ਕਨਈਆ ਲਾਲ ਵਰਮਾ, ਖਤਰੀ, ਹਰਦੋਈ।
9. ਗਯਾ ਪ੍ਰਸ਼ਾਦ ਉਰਫ਼ ਡਾ. ਬੀ.ਸੀ. ਨਿਗਮ ਉਰਫ਼ ਰਾਮ ਲਾਲ ਉਰਫ਼ ਰਾਮ ਨਾਥ ਉਰਫ ਦੇਸ਼ ਭਗਤ, ਜਾਤ/ਗੋਤ ਕੁਰਮੀ, ਵਾਸੀ ਖਜੂਰੀ ਖੁਰਦ, ਥਾਣਾ ਬਿਲੌਰ, ਜ਼ਿਲ੍ਹਾ ਕਾਨਪੁਰ।
10. ਜਤੇਂਦਰਾ ਨਾਥ ਦਾਸ ਸਪੁੱਤਰ ਬਾਂਕੇ ਬਿਹਾਰੀ ਦਾਸ, ਵਾਸੀ, 10-ਦੋਹਰ ਰੋਡ, ਕਲਕੱਤਾ।
11. ਮਹਾਵੀਰ ਸਿੰਘ ਉਰਫ਼ ਪਰਤਾਪ, ਵਾਸੀ ਸ਼ਾਹਪੁਰ ਠੇਲਾ, ਥਾਣਾ ਰਾਜਾਕਾ ਰਾਮਪੁਰ, ਜਿਲ੍ਹਾ ਏਟਾਹ।
12. ਭਗਤ ਸਿੰਘ ਸਪੁੱਤਰ ਕਿਸ਼ਨ ਸਿੰਘ, ਵਾਸੀ ਖਵਾਸਰੀਆਂ, ਲਾਹੌਰ।
13. ਬਟੁਕੇਸ਼ਵਰ ਦੱਤ ਉਰਫ਼ ਬੱਟਾ, ਓਰਫ਼ ਮੋਹਨ, ਸਪੁੱਤਰ ਜੀ.ਡੀ. ਦੱਤ, ਵਾਸੀ ਬੇਦਵਾਨ, ਬੰਗਾਲ।
14. ਅਜੋਏ ਕੁਮਾਰ ਘੋਸ਼ ਉਰਫ਼ ਨੀਗਰੋ-ਜਨਰਲ, ਸਪੁੱਤਰ ਡਾਕਟਰ ਘੋਸ਼, ਵਾਸੀ ਕਾਨਪੁਰ।
15. ਸ਼ਚਿੰਦਰਾ ਨਾਲ ਸਾਨਿਆਲ ਉਰਫ਼ ਜਤੀਨ ਸਾਨਿਆਲ ਸਪੁੱਤਰ ਹਰੀ ਨਾਥ ਸਾਨਿਆਲ, ਵਾਸੀ ਮੁਹੱਲਾ ਕਰਨਲਗੰਜ, ਕਾਨਪੁਰ।
16. ਕਮਲ ਨਾਥ ਤ੍ਰਿਵੇਦੀ ਉਰਫ਼ ਕੰਵਲ ਨਾਥ ਤ੍ਰਿਵੇਦੀ, ਵਿਦਿਆਰਥੀ ਵਿਦਿਆ ਸਾਗਰ ਕਾਲੇਜ, ਕਲਕੱਤਾ, ਸਪੁੱਤਰ ਸੂਰਜਨਾਥ ਤੇਵਾੜੀ ਵਾਸੀ ਸੂਰਯਾ, ਥਾਨਾ ਗੋਬਿੰਦਪੁਰ।
17. ਚੰਦਰ ਸ਼ੇਖਰ ਆਜ਼ਾਦ ਉਰਫ਼ ਪੰਡਤਜੀ, ਸਪੁੱਤਰ ਬੈਜ ਨਾਥ ਉਰਫ਼ ਸੀਤਾ ਰਾਮ, ਬ੍ਰਾਹਮਣ ਵਾਸੀ ਬੈਜਨਾਥ ਤੁਲਾ, ਥਾਣਾ ਭਿਲੋਪੁਰ, ਬਨਾਰਸ।
18. ਬਿਜੋਏ ਕੁਮਾਰ ਸਿਨ੍ਹਾ ਉਰਫ਼ ਬੱਚੂ, ਸਪੁੱਤਰ ਮਰਕਲਾ ਕੁਮਾਰ ਸਿਨ੍ਹਾ, ਵਾਸੀ ਮਹੱਲਾ ਕਰਾਚੀ ਗੰਜ, ਕਾਨਪੁਰ।
19. ਕੈਲਾਸ਼ ਪੱਤੀ ਉਰਫ਼ ਕਾਲੀ ਚਰਨ ਸਪੁੱਤਰ ਹਰਦੋ ਨਰੈਣ ਕੈਸਥ, ਵਾਸੀ ਮੋਨਗਰਾਵਾ, ਥਾਣਾ ਘਾਮੀਪੁਰ, ਜ਼ਿਲ੍ਹਾ ਆਜ਼ਮਗੜ੍ਹ, ਰਿਹਾਇਸ ਗੋਰਖਪੁਰ।
20. ਰਘੁਨਾਥ ਉਰਫ 'ਐਮ' ਉਰਫ਼ ਰਾਮ ਗੁਰੂ, ਵਾਸੀ ਬਨਾਰਸ।

21. ਭਗਵਤੀ ਚਰਨ ਉਰਫ਼ ਬੀ.ਸੀ. ਵੋਹਰਾ ਸਪੁੱਤਰ ਰਾਏ ਸਾਹਿਬ ਸ਼ਿਵਚਰਨ ਦਾਸ, ਜਾਤ/ਗੋਤ, ਬ੍ਰਾਹਮਣ, ਲਾਹੌਰ।
22. ਕੁੰਦਨ ਲਾਲ ਉਰਫ਼ ਪਰਤਾਪ ਉਰਫ਼ ਨੰਬਰ-1, ਵਾਸੀ ਬਨਾਰਸ, ਯੂ.ਪੀ.।
23. ਕੈਲਾਸ਼ ਉਰਫ਼ ਗੁੰਥਲਾ, ਵਾਸੀ ਝਾਂਸੀ।
24. ਯਸ਼ਪਾਲ ਸਪੁੱਤਰ ਹੀਰਾ ਲਾਲ, ਖਤਰੀ, ਵਾਸੀ ਨਦਾਉਨ, ਥਾਣਾ ਹਮੀਰਪੁਰ, ਜ਼ਿਲ੍ਹਾ ਕਾਂਗਰਾ, ਹਾਲ ਵਾਸੀ ਵਚੋਵਾਲੀ, ਲਾਹੌਰ।
25. ਸਤਗੁਰਦਿਆਲ, ਸਪੁੱਤਰ ਪੰਡਤ ਸੁਖਬਾਸੀ ਲਾਲ ਅਵਸਥੀ, ਜਾਤ/ਗੋਤ ਬ੍ਰਾਹਮਣ, ਵਾਸੀ ਮੁਹੱਲਾ ਦਾਨਾ ਖੋਰੀ, ਕਾਨਪੁਰ।

**ਸ਼ਿਕਾਇਤ ਜ਼ੇਰੇ ਧਾਰਾ 121, 121-ਏ, 122 ਅਤੇ 123 ਤਾਅਜ਼ੀਰਾਤੇ ਹਿੰਦ (ਆਈ.ਪੀ.ਸੀ.)**

ਸ਼ਿਕਾਇਤ ਕਰਤਾ ਨਿਮਰਤਾ ਸਹਿਤ ਅਰਜ਼ ਕਰਦਾ ਹੈ:

1. ਇਹ ਕਿ ਸਾਲ 1924 ਤੋਂ ਉਕਤ ਦੋਸ਼ੀ ਹੋਰਨਾਂ ਵਿਅਕਤੀਆਂ ਸਮੇਤ ਬਰਤਾਨਵੀ ਹਿੰਦੁਸਤਾਨ ਦੇ ਅਡੋ ਅੱਡ ਥਾਂਈਂ ਵੱਖੋ-ਵੱਖ ਮੌਕਿਆਂ ਤੇ ਸਹਿਨਸ਼ਾਹ ਤੋਂ ਉਹਦੀ ਸਲਤਨਤ ਤੇ ਪ੍ਰਭੂਸਤਾ ਬਲਪੂਰਵਕ ਹਥਿਆਉਣ ਲਈ ਆਦਮੀ, ਹਥਿਆਰ ਗੋਲੀ ਸਿੱਕਾਂ ਸਹਿਤ ਉਕਤ ਉਦੇਸ਼ ਲਈ ਜੁਟਾਉਣ।
2. ਨਾਲੇ ਸਹਿਨਸ਼ਾਹ ਵਿਰੁੱਧ ਉਕਤ ਸਾਜਿਸ਼ ਨੂੰ ਛੁਪਾਈ ਰੱਖਣ ਲਈ, ਇਹ ਜਾਣਦਿਆਂ ਹੋਇਆਂ ਕਿ ਇਸ ਛੁਪਾਈ ਨਾਲ ਜੰਗ ਛੇੜਨਾ ਸਹਿਲ ਹੋਵੇਗਾ।
3. ਉਪਰਲੇ ਦੋ ਪੈਰਿਆਂ 'ਚ ਦਰਜ ਉਦੇਸ਼ਾਂ ਲਈ ਇਹਨਾ ਦੋਸ਼ੀਆਂ ਨੂੰ ਹੋਰ ਵਿਅਕਤੀਆਂ ਸਹਿਤ ਕਾਨੂੰਨ ਤਹਿਤ ਸਥਾਪਤ ਸਰਕਾਰ ਦਾ ਤਖਤਾ ਪਲਟਨ ਤੇ ਉਹਦੀ ਥਾਵੇਂ ਸੰਘੀ ਜਨਤੰਤਰੀ ਸਰਕਾਰ (Federated Republican Government) ਸਥਾਪਤ ਕਰਨ ਹਿਤ ਹਿੰਦੋਸਤਾਨ ਰੀਪਬਲਿਕਨ ਐਸੋਸੀਏਸ਼ਨ ਤੇ ਇੰਡੀਅਨ ਰਿਪਬਲਿਕਨ ਆਰਮੀ ਬਨਾਈ ਸੀ।

**ਸਾਧਨ**

4. ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਹੇਠ ਲਿਖੇ ਸਾਧਨ ਵਿਉਂਤੇ ਗਏ:
    1) ਹਥਿਆਰ, ਗੋਲੀ-ਸਿੱਕੇ ਦਾ ਸੰਗ੍ਰਹਿ ਕਰਨਾ ਅਤੇ ਇਹਨਾਂ ਦੀ ਖਰੀਦਣ ਲਈ ਨਕਦੀ ਦਾ ਵੀ।
    2) ਇਸੇ ਮਕਸਦ ਲਈ ਬੈਂਕਾਂ ਤੇ ਖਜਾਨਿਆਂ ਤੋਂ ਡਾਕਿਆਂ ਰਾਹੀਂ ਪੈਸੇ ਹਥਿਆਉਣਾ, ਜਿਸ ਦੌਰਾਨ ਕਤਲ ਵੀ ਕਰਨਾ।
    3) ਸਰਕਾਰ ਨੂੰ ਵੰਗਾਰਨਾ ਤੇ ਕਤਲਾਂ ਲਈ ਬੰਬ ਬਨਾਉਣੇ।
    4) ਪੁਲਿਸ ਅਧਿਕਾਰੀ ਤੇ ਹੋਰ ਅਫ਼ਸਰਾਨ ਅਤੇ ਹੋਰ ਲੋਕੋਂ ਜੋ ਪਾਰਟੀ ਵਿਰੁੱਧ ਜਾਂ ਸਰਕਾਰ ਪੱਖੀ ਹੋਣ, ਦੇ ਕਤਲ।
    5) ਰੇਲ੍ਹ ਗੱਡੀਆਂ ਉਡਾਉਣਾ।
    6) ਬਾਗ਼ੀਆਨਾ, ਇਨਕਲਾਬੀ ਸਾਹਿਤ ਦੀ ਪਰਕਾਸ਼ਨਾ ਤੇ ਵਿਤਰਣ।
    7) ਕਾਨੂੰਨੀ ਹਿਰਾਸਤ 'ਚੋਂ ਦੋਸ਼ੀਆਂ ਤੇ ਕੈਦੀਆਂ ਨੂੰ ਛੁਡਾਉਣਾ।
    8) ਪੜ੍ਹੇ-ਲਿਖੇ ਨੌਜਵਾਨਾਂ ਨੂੰ ਬਾਗੀਆਨਾ ਸਰਗਰਮੀਆਂ ਲਈ ਵਰਗਲਾਉਣਾ।
    9) ਵਿਦੇਸ਼ੀ ਸਰੋਤਾਂ ਤੋਂ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਪੈਸੇ ਜੁਟਾਉਣੇ।
5. 
    1) 13.01.1928 ਨੂੰ ਸੀ.ਆਈ.ਡੀ. ਇਨਸਪੈਕਟਰ ਤੇ ਬਨਾਰਸ ਵਿਖੇ ਕਾਤਲਾਨਾ ਹਮਲਾ।
    2) ਕੈਲਾਸ਼ਪਤੀ ਉਰਫ਼ ਕਾਲੀ ਚਰਨ ਵੱਲੋਂ ਉਹਦੇ ਸਬ-ਪੋਸਟ ਆਫਿਸ, ਬੁਰਹਾਲ ਗੰਜ, ਗੋਰਖ਼ਪੁਰ ਤੋਂ 26.06.1928 ਨੂੰ ਪਾਰਟੀ ਹਿੱਤਾਂ ਲਈ 3,199/- ਰੁਪੈ ਦਾ ਗ਼ਬਨ।
    3) ਮਿਤੀ 04.12.1928 ਨੂੰ ਪੰਜਾਬ ਨੈਸ਼ਨਲ ਬੈਂਕ ਲੁਟਣ ਦਾ ਜਤਨ।
    4) **17.12.1928 ਨੂੰ ਲਾਹੌਰ ਵਿਖੇ ਉਪ-ਕਪਤਾਨ ਸਾਂਡਰਸ ਤੇ ਹਵਾਲਦਾਰ ਚੰਨਣ ਸਿੰਘ ਦੇ ਕਤਲ।**

5) ਮਿਤੀ 8.4.1929 ਨੂੰ ਦਿੱਲੀ ਸੈਂਟਰਲ ਅਸੈਂਬਲੀ 'ਚ ਬੰਬ ਸੁਟਣਾ ਤੇ ਫਾਇਰ ਕਰਨਾ ਜਿਸ ਦੁਆਰਾ ਸਰ ਬੋਮਨਜੀ ਦਲਾਲ ਤੇ ਹੋਰਨਾਂ ਨੂੰ ਘਾਇਲ ਕਰਨਾ।

6) ਮਿਤੀ 07.06.1929 ਨੂੰ ਮੌਲੀਨਾ ਵਿਖੇ ਡਾਕ ਦੌਰਾਨ ਮਕਾਨ ਮਾਲਿਕ ਡੰਕ ਮਹਿਤੋ ਕੂਗੇ ਨੂੰ ਜਖਮੀ ਕਰਨਾ।

7) ਦੋਸ਼ੀਆਂ ਨੇ ਹੋਰ ਵਿਅਕਤੀਆਂ ਸਹਿਤ ਲਾਹੌਰ, ਸਹਾਰਨਪੁਰ, ਕਲਕੱਤਾ ਅਤੇ ਆਗਰਾ ਵਿਖੇ ਬੰਬ ਫੈਕਟਰੀਆਂ ਸਥਾਪਤ ਕੀਤੀਆਂ, ਜਿਨ੍ਹਾਂ 'ਚੋਂ ਲਾਹੌਰ ਅਤੇ ਸਹਾਰਨਪੁਰ ਵਾਲੀਆਂ ਕਬਜੇ 'ਚ ਲੈ ਲਈਆਂ ਗਈਆਂ ਹਨ।

8) ਦੋਸ਼ੀਆਂ ਨੇ ਦੇਸ਼ ਦੇ ਵੱਖ-ਵੱਖ ਕਸਬਿਆਂ ਦਾ ਦੌਰਾ ਕਰਕੇ ਨੌਜਵਾਨਾਂ ਨੂੰ ਬਹਿਕਾਇਆ ਅਤੇ ਬਾਗ਼ੀਆਨਾ ਸਰਗਰਮੀਆਂ 'ਚ ਸ਼ਾਮਲ ਹੋਣ ਲਈ ਪ੍ਰੇਰਿਆ।

6. ਉਕਤ ਉਦੇਸ਼ਾਂ ਦੀ ਪੂਰਤੀ ਲਈ ਹੇਠ ਲਿਖੀਆਂ ਕਾਰਵਾਈਆਂ ਵਿਉਤੀਆਂ ਗਈਆਂ, ਪਰ ਉਹ ਸਫਲ ਨਹੀਂ ਹੋਈਆਂ:

1) ਸਾਈਮਨ ਕਮੀਸ਼ਨ ਦੇ ਮੈਂਬਰਾਂ ਨੂੰ ਲੈ ਜਾ ਰਹੀ ਰੇਲ ਗੱਡੀ ਨੂੰ ਡਾਇਨਾਮਾਈਟ ਨਾਲ ਉਡਾਉਣਾ।

2) ਕਾਕੋਰੀ ਕੇਸ ਦੇ ਦੋਸ਼ੀ ਜੋਗੇਸ਼ ਚੰਦਰ ਚੈਟਰਜੀ ਤੇ ਸ਼ਚਿੰਦਰ ਸਾਨਿਆਲ ਨੂੰ ਹਿਰਾਸਤ 'ਚੋਂ ਛੁਡਾਉਣਾ।

7. ਦੋਸ਼ੀ ਨੰਬਰ 17 ਤੋਂ 25 ਮਫਰੂਰ ਹਨ, ਅਤੇ ਅਜੇ ਵੀ ਕੋਏ ਉਹਨਾਂ ਦਾ ਥਹੁ ਪਤਾ ਨਹੀਂ।

8. ਕ੍ਰਿਮੀਨਲ ਕੋਡ ਦੀ ਧਾਰਾ 196 ਤਹਿਤ ਸਥਾਨਕ ਸਰਕਾਰ ਵਲੋਂ ਲੋੜੀਂਦਾ ਆਦੇਸ਼ ਨਾਲ ਨੱਥੀ ਕੀਤਾ ਜਾ ਰਿਹੈ।

9. ਸ਼ਿਕਾਇਤਕਰਤਾ ਨੂੰ ਦਸ ਦਿੱਤਾ ਜਾ ਰਿਹੈ ਕਿ ਸ਼ਾਸਨ ਨਾਲ ਸੰਬੰਧਤ ਹੋਰ ਮੁਕਦਮਿਆਂ ਦੇ ਚਾਲਾਨ ਵੀ ਇਸੇ ਅਦਾਲਤ ਮੂਹਰੇ ਪੇਸ਼ ਕਰ ਦਿੱਤੇ ਗਏ ਹਨ।

ਤਦ ਅਨੁਸਾਰ ਗੁਜਾਰਿਸ਼ ਹੈ ਕਿ ਦੋਸ਼ੀਆਂ ਤੇ ਉਹਨਾਂ ਵੱਲੋਂ ਕੀਤੇ ਗਏ ਉਪਰੋਕਤ ਅਪਰਾਧਾਂ ਲਈ ਤੇ ਹੋਰ ਜੁਰਮ ਜਿਹੜੇ ਉਹਨਾਂ ਵਿਰੁੱਧ ਸਾਬਤ ਹੋਣ, ਮੁਕਦਮਾ ਚਲਾਇਆ ਜਾਏ।

"ਦੀ ਟ੍ਰਿਬਿਊਨ", ਜੁਲਾਈ 11, 1929, ਪੰਨੇ 3-4.

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109
ਫੋਨ: 0172-2556314
ਈਮੇਲ: mjswaraich29@gmail.com